ਵੱਲੋਂ

ਡਿਪਟੀ ਡਾਇਰੈਕਟਰ (ਭੋਂ-ਵਿਕਾਸ)

ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ

ਪੰਜਾਬ ਸਰਕਾਰ

ਵਿਕਾਸ ਭਵਨ

ਮੋਹਾਲੀ

ਵੱਲ

ਸਮੂਹ ਜਿਲ੍ਹਾ ਵਿਕਾਸ ਤੇ ਪੰਚਾਇਤ ਅਫ਼ਸਰ (ਸਿਵਾਏ ਹੁਸ਼ਿਆਰਪੁਰ)

ਪੱਤਰ ਨੰ: 3919-3940 ਮਿਤੀ- 14-11-2011

**ਵਿਸ਼ਾ:- ਬਿਹਤਰ ਕਾਰਗੁਜ਼ਾਰੀ ਵਾਲੀਆਂ ਪੰਚਾਇਤਾਂ ਨੂੰ PEAIS ਅਧੀਨ ਇਨਾਮ ਦੇਣ ਸੰਬੰਧੀ ।**

ਹਵਾਲਾ:- ਪੱਤਰ ਨੰ. 3173-3214 ਮਿਤੀ 04-10-2011

ਉਪਰੋਕਤ ਵਿਸ਼ੇ ਸੰਬੰਧੀ ਇਸ ਵਿਭਾਗ ਦੇ ਹਵਾਲਾ ਅਧੀਨ ਪੱਤਰ ਰਾਹੀਂ ਬਿਹਤਰ ਕਾਰਗੁਜ਼ਾਰੀ ਵਾਲੀਆਂ ਪੰਚਾਇਤਾਂ ਦੀ ਚੋਣ ਕਰਨ ਲਈ ਪ੍ਰਸ਼ਨਾਵਲੀਆਂ ਗ੍ਰਾਮ ਪੰਚਾਇਤਾਂ, ਪੰਚਾਇਤ ਸੰਮਤੀਆਂ ਤੇ ਜਿਲ੍ਹਾ ਪ੍ਰੀਸ਼ਦਾਂ ਤੋਂ ਮਿਤੀ 21-10-2011 ਤੱਕ ਭਰਵਾਉਣ ਲਈ ਲਿਖਿਆ ਗਿਆ ਸੀ ਤਾਂ ਕਿ ਬਾਹਰੀ ਮੁਲਾਂਕਣ ਕਰਤਾਵਾਂ ਦੁਆਰਾ ਇਨ੍ਹਾਂ ਪ੍ਰਸ਼ਨਾਵਲੀਆਂ ਦੀ ਮਾਰਕਿੰਗ ਕਰਕੇ ਪੰਚਾਇਤਾਂ ਦੀ ਗਰੇਡਿੰਗ ਕੀਤੀ ਜਾ ਸਕੇ ਅਤੇ ਮੈਰਿਟ ਅਨੁਸਾਰ ਬਿਹਤਰ ਕਾਰਗੁਜ਼ਾਰੀ ਵਾਲੀਆਂ ਪੰਚਾਇਤਾਂ ਦੀ ਚੋਣ ਕੀਤੀ ਜਾ ਸਕੇ। ਪਰੰਤੂ ਇਸ ਸੰਬੰਧੀ ਹੁਣ ਤੱਕ ਦੀ ਕਾਰਗੁਜ਼ਾਰੀ ਤਸੱਲੀਬਖਸ਼ ਨਹੀਂ ਹੈ। ਪ੍ਰਸ਼ਨਾਵਲੀਆਂ ਭਰਨ ਦਾ ਕੰਮ ਜ਼ਿਆਦਾਤਰ ਬਲਾਕਾਂ ਵਿੱਚ ਅਜੇ ਤੱਕ ਸ਼ੁਰੂ ਵੀ ਨਹੀਂ ਕੀਤਾ ਗਿਆ, ਜਿਸ ਕਾਰਨ ਮੁਲਾਂਕਣ ਦਾ ਕੰਮ ਪੱਛੜ ਰਿਹਾ ਹੈ। ਇਸ ਕੰਮ ਨੂੰ ਪਹਿਲ ਦੇ ਆਧਾਰ ਤੇ ਕਰਨ ਦੀ ਲੋੜ ਹੈ, ਨਹੀਂ ਤਾਂ ਪੰਜਾਬ ਦੀਆਂ ਪੰਚਾਇਤਾਂ ਇਹ ਇਨਾਮ ਲੈਣ ਤੋਂ ਵਾਂਝੀਆਂ ਰਹਿ ਜਾਣਗੀਆਂ ਅਤੇ ਇਸਦੀ ਜ਼ਿੰਮੇਵਾਰੀ ਸੰਬੰਧਿਤ ਅਧਿਕਾਰੀਆਂ ਦੀ ਹੋਵੇਗੀ। ਆਪ ਜੀ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਇਸ ਕੰਮ ਨੂੰ ਸਮਾਂ-ਬੱਧ ਢੰਗ ਨਾਲ ਨਿਪਟਾਉਣ ਲਈ ਨੱਥੀ ਸ਼ਡਿਊਲ ਅਨੁਸਾਰ ਆਪਣੇ ਜਿਲ੍ਹੇ ਦੇ ਸਾਰੇ ਬਲਾਕ ਵਿਕਾਸ ਤੇ ਪੰਚਾਇਤ ਅਫ਼ਸਰਾਂ ਦੀ ਮੀਟਿੰਗ ਤੁਰੰਤ ਬੁਲਾਈ ਜਾਵੇ ਤੇ ਇਸ ਵਿੱਚ ਐੱਸ. ਆਈ. ਆਰ. ਡੀ. ਵੱਲੋਂ ਨਾਮਜ਼ਦ ਤੇ ਟਰੇਂਡ ਕੀਤੇ ਬਾਹਰੀ ਮੁਲਾਂਕਣ ਕਰਤਾ, ਜਿਨ੍ਹਾਂ ਦੀ ਸੂਚੀ ਨੱਥੀ ਹੈ, ਵੀ ਭਾਗ ਲੈਣਗੇ ਅਤੇ ਬਲਾਕ ਵਿਕਾਸ ਤੇ ਪੰਚਾਇਤ ਅਫ਼ਸਰਾਂ ਨੂੰ ਸਕੀਮ ਸੰਬੰਧੀ ਜਾਣਕਾਰੀ, ਸਰਕਾਰ ਦੀਆਂ ਲੋੜੀਂਦੀਆਂ ਹਦਾਇਤਾਂ ਅਤੇ ਪ੍ਰਸ਼ਨਾਵਲੀਆਂ ਦੀ ਕਾਪੀ

ਦੇਣਗੇ। ਸਮੂਹ ਬਲਾਕ ਵਿਕਾਸ ਤੇ ਪੰਚਾਇਤ ਅਫ਼ਸਰ ਨੂੰ ਹਦਾਇਤ ਕੀਤੀ ਜਾਵੇ ਕਿ ਇਹ ਪ੍ਰਸ਼ਨਾਵਲੀਆਂ ਆਪਣੇ ਪੱਧਰ ਤੇ ਪ੍ਰਿੰਟ/ਫੋਟੋ ਕਾਪੀ ਕਰਵਾ ਕੇ ਤੇ ਭਰਵਾ ਕੇ ਮਿਤੀ 23 ਨਵੰਬਰ, 2011 ਦੁਪਹਿਰ 12:00 ਵਜੇ ਤੱਕ ਜਿਲ੍ਹਾ ਵਿਕਾਸ ਤੇ ਪੰਚਾਇਤ ਦਫ਼ਤਰਾਂ ਵਿਖੇ ਜਮ੍ਹਾਂ ਕਰਵਾ ਦਿੱਤੀਆਂ ਜਾਣ ਅਤੇ ਉਥੋਂ ਉਸੇ ਦਿਨ ਬਾਹਰੀ ਮੁਲਾਂਕਣ ਕਰਤਾ ਮਾਰਕਿੰਗ ਲਈ ਇਕੱਤਰ ਕਰਨਗੇ ਅਤੇ ਮਿਤੀ 30 ਨਵੰਬਰ, 2011 ਤੱਕ ਮਾਰਕ ਕਰਕੇ ਵਾਪਸ ਜਿਲ੍ਹਾ ਵਿਕਾਸ ਤੇ ਪੰਚਾਇਤ ਦਫ਼ਤਰ ਵਿਖੇ ਬਲਾਕ ਵਾਈਜ਼ ਮੈਰਿਟ ਲਿਸਟ ਜਮ੍ਹਾਂ ਕਰਵਾਉਣਗੇ। ਮਿਤੀ 23 ਨਵੰਬਰ, 2011 ਦੁਪਹਿਰ 12:00 ਵਜੇ ਤੋਂ ਬਾਅਦ ਕਿਸੇ ਵੀ ਗ੍ਰਾਮ ਪੰਚਾਇਤ/ਪੰਚਾਇਤ ਸੰਮਤੀ/ਜਿਲ੍ਹਾ ਪ੍ਰੀਸ਼ਦ ਦੀ ਪ੍ਰਸ਼ਨਾਵਲੀ ਨਹੀਂ ਲਈ ਜਾਵੇਗੀ ਅਤੇ ਉਸਨੂੰ 100 ਅੰਕਾਂ ਵਿੱਚੋਂ ਜ਼ੀਰੋ ਅੰਕ ਦਿੱਤਾ ਜਾਵੇਗਾ, ਇਸ ਲਈ ਸੰਬੰਧਿਤ ਅਧਿਕਾਰੀ ਜ਼ਿੰਮੇਵਾਰ ਹੋਵੇਗਾ। ਬਲਾਕ ਵਿਕਾਸ ਤੇ ਪੰਚਾਇਤ ਅਫ਼ਸਰ ਮੈਰਿਟ ਲਿਸਟ ਵਿੱਚ ਆਈਆਂ ਪਹਿਲੀਆਂ ਤਿੰਨ ਪੁਜ਼ੀਸ਼ਨਾਂ ਦੀ ਬਲਾਕ ਪੱਧਰੀ ਅਸੈੱਸਮੈਂਟ ਕਮੇਟੀ ਤੋਂ ਅੰਦਰੂਨੀ ਜਾਂਚ ਪੜਤਾਲ ਕਰਵਾ ਕੇ ਮਿਤੀ 3 ਦਸੰਬਰ, 2011 ਤੱਕ ਬਲਾਕ ਵਿੱਚੋਂ ਪਹਿਲੇ ਨੰਬਰ ਤੇ ਆਉਣ ਵਾਲੀ ਪੰਚਾਇਤ ਦਾ ਨਾਂ ਸਮੇਤ ਦਸਤਾਵੇਜ਼ਾਂ ਜਿਲ੍ਹਾ ਪੱਧਰੀ ਕਮੇਟੀ ਨੂੰ ਡੀ. ਡੀ. ਪੀ. ਓਜ਼ ਦੇ ਦਫ਼ਤਰ ਵਿੱਚ ਜਮ੍ਹਾਂ ਕਰਵਾਉਣਗੇ। ਡੀ. ਡੀ. ਪੀ. ਓਜ਼ ਜਿਲ੍ਹਾ ਪੱਧਰੀ ਕਮੇਟੀ ਨੂੰ ਜਿਲ੍ਹੇ ਦੀ ਮੈਰਿਟ ਲਿਸਟ ਤਿਆਰ ਕਰਕੇ ਸੌਂਪਣਗੇ ਅਤੇ ਜਿਲ੍ਹਾ ਪੱਧਰੀ ਅਸੈੱਸਮੈਂਟ ਕਮੇਟੀ ਰਾਹੀਂ ਜਿਲ੍ਹੇ ਵਿੱਚ ਪਹਿਲੇ ਨੰਬਰ ਤੇ ਆਉਣ ਵਾਲੀ ਪੰਚਾਇਤ ਦਾ ਨਾਂ ਮਿਤੀ 5 ਦਸੰਬਰ, 2011 ਤੱਕ ਸੂਬਾ ਪੱਧਰੀ ਕਮੇਟੀ ਨੂੰ ਭੇਜਣਗੇ। ਇਸ ਤੋਂ ਬਾਅਦ ਕਿਸੇ ਜਿਲ੍ਹੇ ਦਾ ਕਲੇਮ ਦਾਖਲ ਨਹੀਂ ਕੀਤਾ ਜਾਵੇਗਾ ਅਤੇ ਉਸ ਜਿਲ੍ਹੇ ਦੀਆਂ ਸਾਰੀਆਂ ਪੰਚਾਇਤਾਂ ਨੂੰ ਜ਼ੀਰੋ ਅੰਕ ਦਿੱਤਾ ਜਾਵੇਗਾ, ਜਿਸ ਲਈ ਸੰਬੰਧਿਤ ਡੀ. ਡੀ. ਪੀ. ਓ. ਜ਼ਿੰਮੇਵਾਰ ਹੋਵੇਗਾ।

ਇਸ ਪ੍ਰਕਾਰ ਡੀ. ਡੀ. ਪੀ. ਓਜ਼ ਆਪਣੇ ਜਿਲ੍ਹੇ ਦੀਆਂ ਪੰਚਾਇਤ ਸਮਤੀਆਂ ਅਤੇ ਜਿਲ੍ਹਾ ਪ੍ਰੀਸ਼ਦ ਦੀਆਂ ਪ੍ਰਸ਼ਨਾਵਲੀਆਂ ਭਰਵਾਕੇ ਮਿਤੀ 25 ਨਵੰਬਰ, 2011 ਤੱਕ ਐੱਸ. ਆਈ. ਆਰ. ਡੀ. ਵਿਖੇ ਮਾਰਕਿੰਗ ਲਈ ਜਮ੍ਹਾਂ ਕਰਵਾਉਣਗੇ।ਮਾੜੀ ਕਾਰਗੁਜ਼ਾਰੀ ਵਾਲੇ ਅਧਿਕਾਰੀ ਖਿਲਾਫ਼ ਅਨੁਸ਼ਾਸ਼ਨੀ ਕਾਰਵਾਈ ਲਈ ਵੀ ਸਰਕਾਰ ਨੂੰ ਲਿਖਿਆ ਜਾਵੇਗਾ।

2/2

ਡਿਪਟੀ ਡਾਇਰੈਕਟਰ (ਰੋਂ-ਵਿਕਾਸ)
ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ

## ਜਿਲ੍ਹੇਵਾਰ ਮੀਟਿੰਗ ਦਾ ਟਾਈਮ ਟੇਬਲ

| ਲੜੀ ਨੰ. | ਜਿਲ੍ਹਾ | ਮਿਤੀ | ਸਮਾਂ | ਟੀਮ ਮੈਂਬਰ |
|---|---|---|---|---|
| 1 | ਅੰਮ੍ਰਿਤਸਰ | 15-11-2011 | 3:00 ਵਜੇ ਸ਼ਾਮ | ਹੁਮਰੀਤ ਸ਼ੈਲੀ<br>ਦਵਿੰਦਰਜੀਤ ਕੌਰ |
| 2 | ਕਪੂਰਥਲਾ | 16-11-2011 | 10:00 ਵਜੇ ਸਵੇਰੇ | ਹੁਮਰੀਤ ਸ਼ੈਲੀ |
| 3 | ਗੁਰਦਾਸਪੁਰ | 16-11-2011 | 3:00 ਵਜੇ ਸ਼ਾਮ | ਦਵਿੰਦਰਜੀਤ ਕੌਰ |
| 4 | ਪਠਾਨਕੋਟ | 16-11-2011 | 3:00 ਵਜੇ ਸ਼ਾਮ | ਬਲਜਿੰਦਰ ਕੌਰ<br>ਰਜ਼ਨੀ |
| 5 | ਤਰਨਤਾਰਨ | 15-11-2011 | 3:00 ਵਜੇ ਸ਼ਾਮ | ਬਲਵੀਰ ਪਰਵਾਨਾ<br>ਨਰਿੰਦਰ ਸ਼ਰਮਾ |
| 6 | ਮੋਗਾ | 16-11-2011 | 10:00 ਵਜੇ ਸਵੇਰੇ | ਬਲਵੀਰ ਪਰਵਾਨਾ<br>ਨਰਿੰਦਰ ਸ਼ਰਮਾ |
| 7 | ਫ਼ਿਰੋਜ਼ਪੁਰ | 16-11-2011 | 3:00 ਵਜੇ ਸ਼ਾਮ | ਬਲਵੀਰ ਪਰਵਾਨਾ<br>ਨਰਿੰਦਰ ਸ਼ਰਮਾ |
| 8 | ਮੁਕਤਸਰ | 15-11-2011 | 3:00 ਵਜੇ ਸ਼ਾਮ | ਗੁਰਪਨੀਤ ਕੌਰ |
| 9 | ਫਾਜ਼ਿਲਕਾ | 15-11-2011 | 3:00 ਵਜੇ ਸ਼ਾਮ | ਸ਼ਰਨਜੀਤ ਕੌਰ |
| 10 | ਬਠਿੰਡਾ | 16-11-2011 | 10:00 ਵਜੇ ਸਵੇਰੇ | ਗੁਰਪਨੀਤ ਕੌਰ<br>ਸ਼ਰਨਜੀਤ ਕੌਰ |
| 11 | ਫਰੀਦਕੋਟ | 16-11-2011 | 3:00 ਵਜੇ ਸ਼ਾਮ | ਗੁਰਪਨੀਤ ਕੌਰ<br>ਸ਼ਰਨਜੀਤ ਕੌਰ |
| 12 | ਸ਼ਹੀਦ ਭਗਤ ਸਿੰਘ ਨਗਰ | 15-11-2011 | 3:00 ਵਜੇ ਸ਼ਾਮ | ਗੁਰਵਿੰਦਰ ਸਿੰਘ<br>ਹਰਬੰਸ ਸਿੰਘ |
| 13 | ਰੋਪੜ | 16-11-2011 | 10:00 ਵਜੇ ਸਵੇਰੇ | ਗੁਰਵਿੰਦਰ ਸਿੰਘ<br>ਹਰਬੰਸ ਸਿੰਘ |
| 14 | ਮੋਹਾਲੀ | 16-11-2011 | 3:00 ਵਜੇ ਸ਼ਾਮ | ਗੁਰਵਿੰਦਰ ਸਿੰਘ<br>ਹਰਬੰਸ ਸਿੰਘ |
| 15 | ਪਟਿਆਲਾ | 15-11-2011 | 3:00 ਵਜੇ ਸ਼ਾਮ | ਮਨਪ੍ਰੀਤ ਕੌਰ<br>ਰੀਨਾ ਰਾਣੀ |
| 16 | ਫਤਿਹਗੜ੍ਹ ਸਾਹਿਬ | 16-11-2011 | 10:00 ਵਜੇ ਸਵੇਰੇ | ਮਨਪ੍ਰੀਤ ਕੌਰ<br>ਰੀਨਾ ਰਾਣੀ |
| 17 | ਸੰਗਰੂਰ | 15-11-2011 | 3:00 ਵਜੇ ਸ਼ਾਮ | ਕਮਲਜੀਤ ਕੌਰ<br>ਸੁਰਜੀਤ ਸਿੰਘ ਜੱਸਲ |

| | | | | |
|---|---|---|---|---|
| 18 | ਲੁਧਿਆਣਾ | 16-11-2011 | 10:00 ਵਜੇ ਸਵੇਰੇ | ਕਮਲਜੀਤ ਕੌਰ<br>ਸੁਰਜੀਤ ਸਿੰਘ ਜੱਸਲ |
| 19 | ਬਰਨਾਲਾ | 15-11-2011 | 3:00 ਵਜੇ ਸ਼ਾਮ | ਨੱਥਾ ਸਿੰਘ<br>ਸਤਪਾਲ |
| 20 | ਜਲੰਧਰ | 16-11-2011 | 11:00 ਵਜੇ ਸਵੇਰ | ਨੱਥਾ ਸਿੰਘ<br>ਸਤਪਾਲ |
| 21 | ਮਾਨਸਾ | 17-11-2011 | 10:00 ਵਜੇ ਸਵੇਰੇ | ਨੱਥਾ ਸਿੰਘ<br>ਸਤਪਾਲ |